# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜੂਨ 2013 ਵਿੱਚ ਉੱਤਰਾਖੰਡ ਦੇ ਕੁਦਰਤੀ ਆਫਤ ਤੋਂ ਪ੍ਰਭਾਵਿਤ ਲੋਕਾਂ ਦੀ ਹਮਦਰਦ ਬਣੀ

-ਦਿਲਜੀਤ ਸਿੰਘ 'ਬੇਦੀ'

ਉੱਤਰਾਖੰਡ ਸਥਿਤ ਧਾਰਮਿਕ ਸਥਾਨਾਂ ਦੀ ਯਾਤਰਾ 'ਤੇ ਗਏ ਸ਼ਰਧਾਲੂਆਂ ਉੱਪਰ ਇਸ ਵਾਰ ਕੁਦਰਤੀ ਬਿਪਤਾ ਦਾ ਜੋ ਕਹਿਰ ਟੁੱਟਿਆ ਹੈ, ਉਹ ਸ਼ਾਇਦ ਉਨ੍ਹਾਂ ਨੇ ਆਪਣੀ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਸੁਪਨੇ ਵਿੱਚ ਵੀ ਨਾ ਸੋਚਿਆ ਹੋਵੇ। ਅਖ਼ਬਾਰਾਂ ਅਤੇ ਟੀ.ਵੀ ਚੈਨਲਾਂ 'ਤੇ ਇਸ ਕੁਦਰਤੀ ਕਹਿਰ ਦੇ ਦਿਖਾਏ ਗਏ ਦ੍ਰਿਸ਼ਾਂ ਨਾਲ ਹਰ ਕਿਸੇ ਦਾ ਦਿਲ ਦਹਿਲਿਆ, ਕੁਰਲਾਇਆ ਤੇ ਦੁਖੀ ਹੋਇਆ ਹੈ। ਕੁਦਰਤ ਦੇ ਇਸ ਕਹਿਰ ਵਿਚ ਪਾਣੀ ਦੇ ਤੇਜ ਵਹਾਅ ਕਾਰਨ ਬਹੁਤ ਸਾਰੀਆਂ ਇਮਾਰਤਾਂ ਤੇ ਪਹਾੜੀਆਂ ਦੇ ਮਲਬੇ ਹੇਠ ਅਨੇਕਾਂ ਲੋਕਾਂ ਦੇ ਦੱਬ ਜਾਣ ਨਾਲ ਸੈਂਕੜੇ ਜਾਨਾਂ ਚਲੀਆਂ ਗਈਆਂ ਹਨ। ਇਥੋਂ ਤਕ ਕਿ ਕਈਆਂ ਨੂੰ ਦੂਜਿਆਂ ਦੀਆਂ ਜਾਨਾਂ ਬਚਾਉਣ ਦੇ ਅਮਲ ਵਿਚ ਆਪਣੀ ਜਾਨ ਵੀ ਵਾਰਨੀ ਪਈ ਹੈ। ਆਫਤ ਵੇਲੇ ਮਨੁੱਖ ਨੂੰ ਕੁਝ ਸੁੱਝਦਾ ਨਹੀਂ। ਜਦੋਂ ਤਬਾਹੀ ਦੀ ਸਥਿਤੀ ਏਨੀ ਵਿਰਾਟ ਖ਼ੌਫਨਾਕ ਦਿਖਾਈ ਦੇ ਰਹੀ ਹੋਵੇ, ਉਦੋਂ ਸਭ ਤੋਂ ਪਹਿਲਾਂ ਸੋਚ ਇਹੀ ਹੁੰਦੀ ਹੈ ਕਿ ਇਨਸਾਨੀ ਬੇਵਸੀ ਵਿਚ ਜੋ ਕੁਝ ਬਰਬਾਦ ਹੋ ਰਿਹਾ ਹੈ, ਉਸ ਬਾਰੇ ਬਾਅਦ ਵਿੱਚ ਸੋਚਿਆ ਜਾਵੇਗਾ, ਫਿਲਹਾਲ ਮਨੁੱਖੀ/ਮਸ਼ੀਨੀ ਉਪਰਾਲਿਆਂ ਰਾਹੀਂ ਜੋ ਕੁਝ ਬਚਾਇਆ ਜਾ ਸਕਦਾ ਹੈ, ਉਸ ਲਈ ਫੌਰੀ ਤੌਰ 'ਤੇ ਚਾਰਾਜੋਈ ਕੀਤੀ ਜਾਵੇ।

ਇਸ ਸੋਚ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰ ਪੱਧਰ 'ਤੇ ਹੰਭਲਾ ਮਾਰ ਕੇ ਆਪਣੇ ਵਸੀਲਿਆਂ ਰਾਹੀਂ ਮੁਸੀਬਤ ਵਿਚ ਘਿਰੇ ਲੋਕਾਂ ਦਾ ਸਾਥ ਦੇ ਕੇ ਮਾਨਵੀ ਫਰਜ਼ ਨਿਭਾਇਆ ਹੈ। ਇਕ ਸੌ ਤੋਂ ਵੱਧ ਕਰਮਚਾਰੀਆਂ ਦੀਆਂ ਟੀਮਾਂ ਨੇ ਦਿਨ-ਰਾਤ ਇਕ ਕਰਕੇ ਜਿਸ ਤਨਦੇਹੀ ਨਾਲ ਮਾਨਵਤਾ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੋ ਕੇ ਸੇਵਾ ਨਿਭਾਈ ਹੈ, ਉਸ ਸਦਕਾ ਹੀ ਇਹ ਸੰਭਵ ਹੋ ਸਕਿਆ ਹੈ ਕਿ ਹਜ਼ਾਰਾਂ ਲੋਕ ਸੁਖੀਂ-ਸਾਂਦੀ ਮੁੜ ਆਪਣੇ-ਆਪਣੇ ਘਰਾਂ ਤੇ ਪਰਿਵਾਰਾਂ ਵਿਚ ਆ ਕੇ ਬੈਠ ਸਕੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਸ ਦੁਖਦ ਘੜੀ ਵਿਚ ਆਖਿਆ ਸੀ ਕਿ ਸ੍ਰੀ ਹੇਮਕੁੰਟ ਸਾਹਿਬ ਘਿਰੇ ਹੋਏ ਸਾਰੇ ਸ਼ਰਧਾਲੂਆਂ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਅਖੀਰਲੇ ਯਤਨਾਂ ਤਕ ਕੰਮ ਕਰਦੇ ਰਹਾਂਗੇ। ਪੀੜਤਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਮੁੜ-ਵਸੇਬੇ ਲਈ ਸ਼੍ਰੋਮਣੀ ਕਮੇਟੀ ਨੇ ਇਕ ਕਰੋੜ ਰੁਪਏ ਦੀ ਰਾਸ਼ੀ ਫੰਡ ਤੇ ਸ਼੍ਰੋਮਣੀ ਕਮੇਟੀ ਦੇ ਸਾਰੇ ਵਿਦਿਅਕ ਅਦਾਰਿਆਂ ਦੇ ਟੀਚਿੰਗ, ਨਾਨ-ਟੀਚਿੰਗ ਤੇ ਸਮੂਹ ਗੁਰਦੁਆਰਾ ਸਾਹਿਬਾਨ ਦੇ ਕਰਮਚਾਰੀਆਂ ਵੱਲੋਂ ਇਕ-ਇਕ ਦਿਨ ਦੀ ਤਨਖਾਹ ਇਸ ਫੰਡ ਲਈ ਸਰਬ-ਸੰਮਤੀ ਨਾਲ ਦੇ ਕੇ ਇਨਸਾਨੀ ਫਰਜ਼ਾਂ ਦੀ ਪੂਰਤੀ ਕੀਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਕੁਦਰਤੀ ਆਫਤ ਚਾਹੇ ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਆਈ ਹੋਵੇ, ਚਾਹੇ ਗੁਜਰਾਤ ਦੇ ਹੜ੍ਹ, ਅਸਾਮ 'ਚ ਸੁਨਾਮੀ ਜਾਂ ਜੰਮੂ-ਕਸ਼ਮੀਰ ਵਿਚ ਬੱਦਲ ਫਟੇ ਹੋਣ ਆਪਣਾ ਇਨਸਾਨੀ ਭਾਈਚਾਰਕ ਫਰਜ਼ ਨਿਭਾਉਣ ਤੋਂ ਕਦੀ ਪਿੱਛੇ ਨਹੀਂ ਰਹੀ।

ਸਭ ਜਾਣਦੇ ਹਨ ਕਿ ਸ਼੍ਰੋਮਣੀ ਕਮੇਟੀ ਵੱਲੋਂ ਤਾਮਿਲਨਾਡੂ ਦੇ ਸੁਨਾਮੀ ਪੀੜਤ ਇਲਾਕਿਆਂ ਵਿਚ ਸਹਾਇਤਾ ਟੀਮ ਭੇਜ ਕੇ ਲੰਗਰ ਅਤੇ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਸਨ। ਇਸ ਮੌਕੇ ਮੈਡੀਕਲ ਸਹੂਲਤ ਵੀ ਦਿੱਤੀ ਗਈ। ਇਥੇ ਰਾਹਤ ਸੇਵਾਵਾਂ ਇਕ ਮਹੀਨੇ ਤੋਂ ਜ਼ਿਆਦਾ ਸਮਾਂ ਚਲਾਈਆਂ ਗਈਆਂ ਸਨ। ਅੰਡੇਮਾਨ ਅਤੇ ਨਿਕੋਬਾਰ ਦੀਪਾਂ ਵਿਖੇ ਪੰਜਾਬੀਆਂ ਤੇ ਖਾਸਕਰ ਸਿੱਖਾਂ ਦੇ ਹੋਏ ਨੁਕਸਾਨ ਦੀ ਜਾਣਕਾਰੀ ਲਈ ਸ. ਰਜਿੰਦਰ ਸਿੰਘ ਮਹਿਤਾ, ਸ. ਜਸਵਿੰਦਰ ਸਿੰਘ ਐਡਵੋਕੇਟ (ਦੋਵੇਂ ਮੈਂਬਰ ਸ਼੍ਰੋਮਣੀ ਕਮੇਟੀ) ਅਤੇ ਸ. ਰੂਪ ਸਿੰਘ 'ਤੇ ਆਧਾਰਤ ਵਿਸ਼ੇਸ਼ ਵਫਦ ਵੀ ਭੇਜਿਆ ਗਿਆ ਸੀ।

ਇਸੇ ਤਰ੍ਹਾਂ ਹੀ ਲੇਹ ਵਿਖੇ ਬਦਲ ਫੱਟਣ ਨਾਲ ਹੋਏ ਮਾਲੀ ਤੇ ਜਾਨੀ ਨੁਕਸਾਨ ਮੌਕੇ ਬਚਾਅ ਕਾਰਜਾਂ ਲਈ ਕੋਸ਼ਿਸ਼ ਕੀਤੀ ਗਈ। ਲੇਹ ਵਿਖੇ ਆਈ ਕੁਦਰਤੀ ਆਫਤ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਵਿਸ਼ੇਸ਼ ਦਿਲਚਸਪੀ ਦਿਖਾਈ ਅਤੇ ਰਾਹਤ ਸਮੱਗਰੀ ਦੇ ਟਰੱਕ ਭੇਜ ਕੇ ਮਨੁੱਖਤਾ ਦੀ ਭਲਾਈ ਲਈ ਯਾਦ ਰੱਖਣਯੋਗ ਯਤਨ ਕੀਤੇ ਸਨ। ਇਸ ਕੁਦਰਤੀ ਆਫਤ ਮੌਕੇ ਲੋੜਵੰਦਾਂ ਤੱਕ ਠੀਕ ਢੰਗ ਨਾਲ ਰਾਹਤ ਸਮੱਗਰੀ ਪਹੁੰਚਾਉਣ ਲਈ ਜਥੇ. ਸੁੱਚਾ ਸਿੰਘ ਲੰਗਾਹ ਮੈਂਬਰ ਸ਼੍ਰੋਮਣੀ ਕਮੇਟੀ, ਸਕੱਤਰ ਸ. ਜੋਗਿੰਦਰ, ਸ. ਸਤਬੀਰ ਸਿੰਘ ਤੇ ਸ. ਰੂਪ ਸਿੰਘ ਆਦਿ ਜ਼ਿੰਮੇਵਾਰਾਂ ਦੀ ਇਕ ਵਿਸ਼ੇਸ਼ ਟੀਮ ਭੇਜੀ ਗਈ ਸੀ।

ਹੁਣ ਉੱਤਰਾਖੰਡ ਵਿਖੇ ਮੌਸਮ ਦੀ ਖ਼ਰਾਬੀ ਦੇ ਬਾਵਜੂਦ ਇਸ ਭਿਆਨਕ ਦੁਖਾਂਤ ਦੌਰਾਨ ਦੇਸ਼ ਦੀ ਫੌਜ, ਆਈ.ਟੀ.ਬੀ.ਪੀ,

ਐਨ.ਡੀ.ਆਰ.ਐਫ., ਉੱਤਰਾਖੰਡ ਦੇ ਲੋਕਾਂ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਵੱਲੋਂ ਵੀ ਲੋਕਾਂ ਦੀਆਂ ਜਾਨਾਂ ਦੀ ਹਿਫਾਜ਼ਤ ਕਰਨ ਲਈ ਵੱਡੀ ਭੂਮਿਕਾ ਨਿਭਾਈ ਗਈ ਹੈ। ਕੁਝ ਵਿਅਕਤੀਆਂ ਵੱਲੋਂ ਮੌਕੇ ਦਾ ਨਾਜਾਇਜ਼ ਲਾਭ ਲੈਂਦਿਆਂ ਪਹਿਲਾਂ ਹੀ ਮੁਸੀਬਤ ਵਿਚ ਘਿਰੇ ਲੋਕਾਂ ਦਾ ਸਾਮਾਨ ਆਦਿ ਲੁੱਟ ਕੇ ਜਾਂ ਫਿਰ ਉਨ੍ਹਾਂ ਨੂੰ ਅਤੀ ਲੋੜੀਂਦੀਆਂ ਵਸਤਾਂ ਬਹੁਤ ਜ਼ਿਆਦਾ ਮਹਿੰਗੀਆਂ ਵੇਚ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਵਿਚ ਹੋਰ ਵਾਧਾ ਹੀ ਨਹੀਂ ਕੀਤਾ,ਸਗੋਂ ਉਨ੍ਹਾਂ ਦੇ ਵਿਸ਼ਵਾਸ ਨੂੰ ਵੀ ਭਾਰੀ ਸੱਟ ਮਾਰੀ ਹੈ। ਇਸ ਤਰ੍ਹਾਂ ਦੀਆਂ ਅਮਾਨਵੀ ਕਾਰਵਾਈਆਂ ਨਿੰਦਣਯੋਗ ਹਨ।

ਇਸ ਕੁਦਰਤੀ ਆਫਤ ਦੇ ਪੀੜਤਾਂ ਦੀ ਮੱਦਦ ਲਈ ਸ਼੍ਰੋਮਣੀ ਕਮੇਟੀ ਦੀਆਂ ਰਾਹਤ ਸੇਵਾਵਾਂ ਤਹਿਤ 17 ਅਤੇ 18 ਜੂਨ ਨੂੰ ਉੱਤਰਾਖੰਡ ਵਿਚ ਰਾਹਤ ਸਮੱਗਰੀ ਦੇ ਭਰੇ ਟਰੱਕਾਂ ਦਾ ਕਾਫਲਾ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਭੇਜਿਆ ਗਿਆ। ਲੰਗਰ ਤਿਆਰ ਕਰਨ ਲਈ ਇੱਕ ਸੌ ਤੋਂ ਵੱਧ ਕਰਮਚਾਰੀ/ਸੇਵਾਦਾਰ ਵੀ ਭੇਜੇ ਗਏ।ਲੰਗਰ ਮੈਨੇਜਰ ਸ. ਹਰਪ੍ਰੀਤ ਸਿੰਘ, ਲੰਗਰ ਇੰਚਾਰਜ ਸ. ਹਰਭਿੰਦਰ ਸਿੰਘ ਅਤੇ ਹੋਰ ਖਰੀਦੋ-ਫਰੋਖਤ ਲਈ ਸ. ਬਲਦੇਵ ਸਿੰਘ ਇੰਸਪੈਕਟਰ ਵੀ ਇਸ ਟੀਮ ਵਿਚ ਸ਼ਾਮਲ ਸੀ। 18 ਅਤੇ 19 ਜੂਨ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ,ਸ੍ਰੀ ਦਰਬਾਰ ਸਾਹਿਬ,ਸ੍ਰੀ ਅੰਮ੍ਰਿਤਸਰ ਦੀ ਟੀਮ ਨੇ ਸ੍ਰੀ ਪਾਉਂਟਾ ਸਾਹਿਬ ਵਿਖੇ ਲੰਗਰ ਲਗਾਏ ਅਤੇ ਇਥੋਂ ਲੰਗਰ ਤਿਆਰ ਕਰਵਾ ਕੇ ਟਰੱਕ ਅੱਗੇ ਭੇਜੇ। 19 ਜੂਨ ਨੂੰ ਉੱਤਰਾਖੰਡ ਦੇ ਪੀੜਤਾਂ ਦੀ ਮੱਦਦ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ (ਰੋਪੜ), ਗੁਰਦੁਆਰਾ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ (ਹਰਿਆਣਾ), ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ, ਗੁਰਦੁਆਰਾ ਪਾ: ਦਸਵੀਂ ਨਾਢਾ ਸਾਹਿਬ (ਪੰਚਕੂਲਾ), ਗੁਰਦੁਆਰਾ ਮੰਜੀ ਸਾਹਿਬ ਅੰਬਾਲਾ, ਗੁਰਦੁਆਰਾ ਸ੍ਰੀ ਧਮਤਾਨ ਸਾਹਿਬ ਅਤੇ ਗੁਰਦੁਆਰਾ ਪਾਤਸ਼ਾਹੀ ਨੌਵੀਂ ਜੀਂਦ (ਹਰਿਆਣਾ) ਤੋਂ ਰਾਹਤ ਸਮੱਗਰੀ ਦੇ ਟਰੱਕ ਇੱਕ ਕਾਫਲੇ ਦੇ ਰੂਪ ਵਿਚ ਭੇਜੇ ਗਏ।20 ਜੂਨ ਨੂੰ ਉੱਤਰਾਖੰਡ ਦੀ ਲੋਕਲ ਮੈਨੇਜਮੈਂਟ ਤੇ ਹੋਰ ਰਾਹਤ ਟੀਮਾਂ ਨਾਲ ਸਹਿਯੋਗ ਕਰਕੇ ਫਸੇ ਹੋਏ ਲੋਕਾਂ ਨੂੰ ਸੁਰੱਖਿਅਤ ਵਾਪਸ ਲਿਆਉਣ ਲਈ ਪ੍ਰਧਾਨ ਜੱਥੇਦਾਰ ਅਵਤਾਰ ਸਿੰਘ ਵੱਲੋਂ ਇਨ੍ਹਾਂ ਸਤਰਾਂ ਦੇ ਲੇਖਕ ਦੀ ਅਗਵਾਈ ਹੇਠ ਸ.ਜਗਜੀਤ ਸਿੰਘ 'ਜੱਗੀ' ਮੀਤ ਸਕੱਤਰ, ਸ. ਪ੍ਰਤਾਪ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਗੁਰੂ ਰਾਮਦਾਸ ਹਸਪਤਾਲ ਦੇ ਡਾ. ਅਮਨਦੀਪ ਸਿੰਘ ਦੇ ਨਾਲ 10 ਹੋਰ ਡਾਕਟਰਾਂ ਤੇ ਸਹਿਯੋਗੀਆਂ ਦੀ ਟੀਮ ਭੇਜੀ ਗਈ।

ਇਸ ਟੀਮ ਵੱਲੋਂ ਪ੍ਰਬੰਧਕੀ ਜਾਇਜੇ ਉਪਰੰਤ ਪੀੜਤਾਂ ਨੂੰ ਰਾਹਤ ਸਮੱਗਰੀ ਅਤੇ ਲੰਗਰ ਤਿਆਰ ਕਰਕੇ ਭੇਜਣ ਦੀ ਲੋੜ ਅਨੁਸਾਰ ਰਾਣੀ ਪੋਖਰੀ ਏਅਰ ਪੋਰਟ ਅਤੇ ਡੇਹਰਾਦੂਨ-ਰਿਸ਼ੀਕੇਸ਼ ਮਾਰਗ 'ਤੇ ਰਾਣੀ ਪੋਖਰੀ ਪੰਚਾਇਤ ਘਰ ਵਿਚ ਲੰਗਰ ਲਗਵਾਇਆ ਗਿਆ। ਰਾਣੀ ਪੋਖਰੀ ਏਅਰਬੇਸ ਤੋਂ ਹੈਲੀਕਾਪਟਰਾਂ ਰਾਹੀਂ ਲੰਗਰ ਵੱਖ-ਵੱਖ ਪ੍ਰਭਾਵਿਤ ਥਾਵਾਂ ਵਿਚ ਭੇਜਿਆ ਜਾਣ ਲੱਗਿਆ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉੱਚ-ਅਧਿਕਾਰੀਆਂ ਵੱਲੋਂ ਰਾਣੀ ਪੋਖਰੀ ਏਅਰ ਬੇਸ ਦੇ ਸੁਰੱਖਿਆ ਇੰਚਾਰਜ ਸ. ਗੁਰਮੀਤ ਸਿੰਘ ਤੇ ਪ੍ਰਸ਼ਾਸਨਕ ਅਧਿਕਾਰੀਆਂ ਅਤੇ ਆਈ.ਬੀ ਦੇ ਆਈ.ਜੀ ਸ੍ਰੀ ਜਗਮੋਹਨ ਨੂੰ ਮਿਲ ਕੇ ਪ੍ਰਭਾਵਤ ਏਰੀਏ ਵਿਚ ਫਸੇ ਲੋਕਾਂ ਨਾਲ ਸਥਾਨਕ ਦੁਕਾਨਦਾਰਾਂ ਵੱਲੋਂ ਚਾਹ ਦਾ ਕੱਪ 50-60/- ਅਤੇ ਕੋਲਡ ਡਰਿੰਕ 200-250/- ਅਤੇ ਪਾਣੀ ਦੀ ਬੋਤਲ 100/- ਰੁਪੈ ਦੀ ਵੇਚਣ ਦਾ ਮਾਮਲਾ ਅਤੇ ਟੈਕਸੀਆਂ ਵਾਲਿਆਂ ਵੱਲੋਂ 5000/-ਪ੍ਰਤੀ ਸਵਾਰੀ ਕਿਰਾਇਆ ਵਸੂਲਣ ਦੀ ਹੋ ਰਹੀ ਲੁੱਟ ਬਾਰੇ ਸ਼ਿਕਾਇਤ ਕੀਤੀ। ਆਈ.ਬੀ ਦੇ ਅਧਿਕਾਰੀ ਵੱਲੋਂ ਤੁਰੰਤ ਐਕਸ਼ਨ ਲੈਂਦਿਆਂ ਆਪਣੇ ਕਰਮਚਾਰੀ ਤਾਇਨਾਤ ਕਰਨ ਦਾ ਭਰੋਸਾ ਦਿੱਤਾ ਤੇ ਅਗਲੇ ਦਿਨ ਹੀ ਯਾਤਰੂਆਂ ਦੀ ਹੋ ਰਹੀ ਇਸ ਲੁੱਟ 'ਤੇ ਕੰਟਰੋਲ ਵੀ ਹੋ ਗਿਆ। ਸਾਨੂੰ ਇਥੋਂ ਹੀ ਪਤਾ ਲੱਗਾ ਕਿ ਫੌਜ ਸ੍ਰੀ ਹੇਮਕੁੰਟ ਸਾਹਿਬ ਜਾਂ ਸਬੰਧਤ ਥਾਵਾਂ 'ਤੇ ਫਸੇ ਲੋਕਾਂ ਨੂੰ ਬਾਹਰ ਕੱਢਣ ਵੱਲ ਅਜੇ ਬਹੁਤੀ ਰੁਚਿਤ ਨਹੀਂ ਹੈ। ਸਾਡਾ ਫਿਕਰ ਹੋਰ ਵਧ ਗਿਆ ਤੇ ਅਸੀਂ ਰਿਸ਼ੀਕੇਸ਼ ਨੂੰ ਤੁਰ ਪਏ। ਡਾਕਟਰਾਂ ਦੀ ਟੀਮ ਨੇ ਵੀ ਪੂਰੀ ਸਮਰਪਿਤ ਭਾਵਨਾ ਨਾਲ ਵੱਖ-ਵੱਖ ਥਾਵਾਂ 'ਤੇ ਕੈਂਪ ਲਗਾ ਕੇ ਲੋੜਵੰਦਾਂ ਦੀ ਸਹਾਇਤਾ ਕੀਤੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਟੀਮ ਨੇ ਰਿਸ਼ੀਕੇਸ਼ ਪਹੁੰਚ ਕੇ ਹਾਲਾਤ ਦਾ ਜਾਇਜਾ ਲਿਆ, ਸ੍ਰੀ ਹੇਮਕੁੰਟ ਸਾਹਿਬ ਤੋਂ ਬੜੀਆਂ ਮੁਸ਼ਕਿਲਾਂ ਨਾਲ ਵਾਪਸ ਆ ਰਹੇ ਸ਼ਰਧਾਲੂਆਂ ਨਾਲ ਸੰਪਰਕ ਕਰਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣੀਆਂ ਤੇ ਪ੍ਰਭਾਵਿਤ ਇਲਾਕਿਆਂ ਵਿਚ ਫਸੇ ਲੋਕਾਂ ਤੀਕ ਪਹੁੰਚ ਕੇ ਮਦਦ ਕਰਨ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਸ. ਕਾਹਨ ਸਿੰਘ ਪੰਨੂ (ਜਿਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਰਾਹਤ ਕਾਰਜਾਂ ਦਾ ਮੁਖੀ ਬਣਾ ਕੇ ਇਹ ਕਾਰਜ ਸੌਂਪਿਆ ਗਿਆ ਸੀ), ਸ੍ਰੀ ਖ਼ੂਬੀ ਰਾਮ ਡੀ.ਆਈ.ਜੀ., ਲੈਫਟੀਨੈਂਟ ਜਨਰਲ ਬਾਵਾ, ਸ.ਜੋਗਿੰਦਰ ਸਿੰਘ ਸੰਧੂ ਸੈਕਟਰੀ ਚੀਫ ਮਨਿਸਟਰ ਉੱਤਰਾਂਚਲ ਜੋ ਇਸ ਰਾਹਤ ਕਾਰਜ ਵਿਚ ਸਰਗਰਮ ਤਰੀਕੇ ਨਾਲ ਜੁੜੇ ਹੋਏ ਸਨ ਅਤੇ ਫੌਜ ਦੇ ਉੱਚ-ਅਧਿਕਾਰੀਆਂ ਨਾਲ ਸੰਪਰਕ ਕੀਤਾ। ਇਥੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਮੈਨੇਜਰ ਸ. ਦਰਸ਼ਨ ਸਿੰਘ, ਟਰੱਸਟੀ ਮੈਂਬਰ ਸ. ਰਵਿੰਦਰ ਸਿੰਘ ਨੂੰ ਮਿਲੇ। ਉਨ੍ਹਾਂ ਤੋਂ ਸਾਨੂੰ ਫਸੀ ਹੋਈ ਸੰਗਤ ਬਾਰੇ ਕੁਝ ਜਾਣਕਾਰੀ ਮਿਲੀ। ਖਰਾਬ ਰਸਤੇ ਬਾਰੇ ਉਨ੍ਹਾਂ ਦੱਸਦਿਆਂ ਰਾਏ ਦਿੱਤੀ ਕਿ ਤੁਸੀਂ ਇਥੋਂ ਹੀ ਸੰਗਤਾਂ ਦੀ ਸੇਵਾ ਕਰੋ। ਅਸੀਂ 21 ਜੂਨ ਨੂੰ ਸ੍ਰੀ ਹੇਮਕੁੰਟ ਸਾਹਿਬ ਤੋਂ ਵਾਪਸ ਆਏ ਯਾਤਰੂਆਂ ਨੂੰ ਸੁਰੱਖਿਅਤ ਆਪੋ-ਆਪਣੇ ਘਰੀਂ ਪਹੁੰਚਾਉਣ ਲਈ 20 ਬੱਸਾਂ ਤੇ 22 ਛੋਟੀਆਂ ਗੱਡੀਆਂ ਮੰਗਵਾਈਆਂ ਤੇ

ਯਾਤਰੂਆਂ ਨੂੰ ਵਾਪਸ ਭੇਜਿਆ ਗਿਆ। 22 ਜੂਨ ਨੂੰ ਗੋਬਿੰਦਧਾਮ, ਗੋਬਿੰਦਘਾਟ ਤੇ ਫਸੇ ਸ਼ਰਧਾਲੂਆਂ ਨੂੰ ਲਿਆਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਛੋਟੀਆਂ ਗੱਡੀਆਂ ਦਾ ਪ੍ਰਬੰਧ ਕੀਤਾ ਗਿਆ ਤੇ ਗੱਡੀਆਂ ਜੋਸ਼ੀ ਮੱਠ ਤੱਕ ਲਿਜਾਈਆਂ ਗਈਆਂ। ਜਿਥੋਂ 5-6 ਮਰੀਜਾਂ ਨੂੰ ਸਾਡੀ ਡਾਕਟਰਾਂ ਦੀ ਟੀਮ ਵੱਲੋਂ ਮੁਢਲੀ ਸਹਾਇਤਾ ਦੇ ਕੇ ਹੋਰ ਸ਼ਰਧਾਲੂਆਂ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਗੱਡੀਆਂ ਰਾਹੀਂ ਚਮੋਲੀ, ਸ੍ਰੀ ਨਗਰ ਅਤੇ ਰਿਸ਼ੀਕੇਸ਼ ਤੱਕ ਭੇਜਿਆ ਗਿਆ। ਇਸ ਉਪਰੰਤ ਲਗਾਤਾਰ ਇਸੇ ਤਰ੍ਹਾਂ ਸ਼ਰਧਾਲੂਆਂ ਨੂੰ ਰਿਸ਼ੀਕੇਸ ਤੱਕ ਪਹੁੰਚਾਉਣ ਲਈ ਯਤਨ ਕੀਤੇ ਗਏ।23 ਜੂਨ ਨੂੰ ਜੋਸ਼ੀ ਮੱਠ ਤੋਂ ਏਅਰ ਬੇਸ/ਹੈਲੀਪੈਡ ਤੇ ਰੈਸਕਿਊ ਇੰਚਾਰਜ ਮੇਜਰ ਜਨਰਲ ਅਮੀਤ ਸਿੰਘ ਨਾਲ ਮਿਲ ਕੇ ਗੋਬਿੰਦਧਾਮ, ਗੋਬਿੰਦਘਾਟ ਤੇ ਫਸੇ ਲੋਕਾਂ ਬਾਰੇ ਪੂਰੀ ਜਾਣਕਾਰੀ ਹਾਸਲ ਕੀਤੀ।

ਜੋਸ਼ੀ ਮੱਠ ਏਰੀਏ ਦੇ ਐਮ.ਐਲ.ਏ ਨਾਲ ਮਿਲ ਕੇ ਫਸੇ ਲੋਕਾਂ ਲਈ ਕੀਤੇ ਜਾ ਰਹੇ ਯਤਨਾਂ ਦਾ ਜਾਇਜਾ ਲਿਆ।ਪਤਾ ਲੱਗਾ ਕਿ ਹੈਲੀਕਾਪਟਰ ਰਾਹੀਂ ਕੇਦਾਰਨਾਥ, ਬਦਰੀ ਨਾਥ, ਗੋਪੀਘਾਟ, ਗੋਰੀ ਕੁੰਡ, ਰਾਮ ਬਾੜਾ ਆਦਿ ਥਾਵਾਂ ਤੋਂ ਸ਼ਰਧਾਲੂਆਂ ਨੂੰ ਲਿਆਂਦਾ ਜਾ ਰਿਹਾ ਹੈ ਅਤੇ ਲੰਗਰ ਅਤੇ ਹੋਰ ਰਾਹਤ ਸਮੱਗਰੀ ਵੀ ਇਥੇ ਭੇਜੀ ਜਾ ਰਹੀ ਹੈ। ਦੁਬਾਰਾ ਲੋਕਲ ਐਮ.ਐਲ.ਏ ਨੂੰ ਮਿਲਣਾ ਚਾਹਿਆ ਪਰ ਉਹ ਨਹੀਂ ਮਿਲੇ, ਫਿਰ ਮੇਜਰ ਜਨਰਲ ਅਮੀਤ ਸਿੰਘ ਨੂੰ ਮਿਲ ਕੇ ਕੇਦਾਰਨਾਥ ਅਤੇ ਬਦਰੀਨਾਥ ਆਦਿ ਥਾਵਾਂ ਵਿੱਚ ਫਸੇ ਹੋਏ ਲੋਕਾਂ ਬਾਰੇ ਦੱਸਿਆ ਤੇ ਗੋਬਿੰਦ ਘਾਟ, ਗੋਬਿੰਦ ਧਾਮ 'ਚ ਫਸੀ ਸੰਗਤ ਬਾਰੇ ਚਿੰਤਾ ਵਿਅਕਤ ਕੀਤੀ। ਉਨ੍ਹਾਂ ਕਿਹਾ ਕਿ ਕੇਦਾਰਨਾਥ ਆਦਿ ਥਾਵਾਂ 'ਤੇ ਤਬਾਹੀ ਬਹੁਤ ਜ਼ਿਆਦਾ ਹੋਈ ਹੈ ਅਤੇ ਮੌਸਮ ਦੀ ਖਰਾਬੀ ਨਾਲ ਉਥੇ ਹੋਰ ਵੀ ਜ਼ਿਆਦਾ ਤਬਾਹੀ ਹੋ ਸਕਦੀ ਹੈ। ਇਸ ਲਈ ਜ਼ਿਆਦਾ ਰੁਝਾਨ ਉਨ੍ਹਾਂ ਲੋਕਾਂ ਨੂੰ ਰਾਹਤ ਸਮੱਗਰੀ ਭੇਜਣ 'ਤੇ ਵਾਪਸ ਲਿਆਉਣ ਵੱਲ ਹੈ। ਸ੍ਰੀ ਹੇਮਕੁੰਟ ਸਾਹਿਬ ਸੁਰੱਖਿਅਤ ਹੈ। ਕੋਈ ਨੁਕਸਾਨ ਨਹੀਂ ਹੋਇਆ ਅਤੇ ਸ੍ਰੀ ਹੇਮਕੁੰਟ ਸਾਹਿਬ ਫੌਜ ਦੇ ਜਵਾਨਾਂ ਤੇ ਹੇਮਕੁੰਟ ਟਰੱਸਟ ਦੇ ਸੇਵਾਦਾਰਾਂ ਤੋਂ ਬਿਨਾਂ ਉਥੇ ਕੋਈ ਯਾਤਰੂ ਨਹੀਂ ਹੈ। ਗੋਬਿੰਦਧਾਮ ਤੇ ਗੋਬਿੰਦਘਾਟ ਵਿਚ ਫਸੇ ਯਾਤਰੂ ਬਿਲਕੁਲ ਸੁਰੱਖਿਅਤ ਹਨ, ਤੁਸੀਂ ਚਿੰਤਾ ਨਾ ਕਰੋ ਅਤੇ ਕਾਹਲੇ ਨਾ ਪਵੋ। ਨਾਲ ਹੀ ਉਨ੍ਹਾਂ ਇਹ ਵੀ ਦੱਸਿਆ ਕਿ ਉਥੇ ਪਾਰਕਿੰਗ 'ਤੇ ਖੜ੍ਹੇ ਮੋਟਰ ਸਾਈਕਲ, ਸਕੂਟਰ ਤੇ ਕਾਰਾਂ ਰੁੜ੍ਹ ਗਏ ਹਨ, ਪਾਰਕਿੰਗ ਨੂੰ ਜ਼ੋਰਦਾਰ ਪਾਣੀ ਆਪਣੀ ਤੇਜ਼ ਰਫਤਾਰ ਨਾਲ ਵਹਾ ਕੇ ਲੈ ਗਿਆ ਹੈ। ਪਰ ਸ਼੍ਰੋਮਣੀ ਕਮੇਟੀ ਦੀ ਟੀਮ ਵੱਲੋਂ ਥੋੜ੍ਹਾ ਇਤਰਾਜ ਕਰਨ 'ਤੇ ਗੋਬਿੰਦ ਧਾਮ ਤੇ ਗੋਬਿੰਦਘਾਟ ਵਿਖੇ ਰਾਹਤ ਸਮੱਗਰੀ ਬਿਸਕੁਟ, ਪਾਣੀ ਆਦਿ ਇਕ ਹੈਲੀਕਾਪਟਰ ਰਾਹੀਂ ਭੇਜਿਆ ਗਿਆ। ਫਿਰ ਉਸੇ ਦਿਨ ਮੌਸਮ ਠੀਕ ਹੋਣ 'ਤੇ ਗੋਬਿੰਦ ਘਾਟ ਤੇ ਗੋਬਿੰਦ ਧਾਮ ਵਿਚ ਫਸੇ ਸ਼ਰਧਾਲੂਆਂ ਨੂੰ ਕੱਢ ਕੇ ਜੋਸ਼ੀਮੱਠ ਲਿਆਉਣ ਦਾ ਕਾਰਜ ਸ਼ੁਰੂ ਕੀਤਾ ਗਿਆ। ਪਰ ਚੀਤਾ ਨਾਮ ਦੇ ਛੋਟੇ ਹੈਲੀਕਾਪਟਰ ਰਾਹੀਂ ਪਹਿਲਾਂ ਮਰੀਜ਼ਾਂ, ਬਜ਼ੁਰਗਾਂ ਔਰਤਾਂ ਤੇ ਬੱਚਿਆਂ ਨੂੰ ਲਿਆਉਣਾ ਸੀ। ਤਿੰਨ ਹੈਲੀਕਾਪਟਰ ਲਗਾਏ ਗਏ ਪਰ ਕੇਵਲ ਤਿੰਨ-ਚਾਰ ਆਦਮੀ ਇਕ ਵਾਰ ਆ ਸਕਦੇ ਸਨ ਇਸ ਲਈ ਸਮਾਂ ਤਾਂ ਲੱਗਣਾ ਹੀ ਸੀ।ਇਕ ਹੈਲੀਕਾਪਟਰ ਗੋਬਿੰਦ ਧਾਮ ਤੋਂ ਯਾਤਰੂਆਂ ਨੂੰ ਗੋਬਿੰਦ ਘਾਟ 'ਤੇ ਉਤਾਰ ਰਿਹਾ ਸੀ ਤੇ ਦੋ ਹੈਲੀਕਾਪਟਰ ਘਾਟ ਤੋਂ ਜੋਸ਼ੀਮੱਠ ਆ ਰਹੇ ਸਨ। ਹੈਲੀਪੈਡ ਛੋਟਾ ਹੋਣ ਕਰਕੇ ਜ਼ਿਆਦਾ ਹੈਲੀਕਾਪਟਰ ਇਥੇ ਨਹੀਂ ਰੱਖੇ ਜਾ ਸਕਦੇ ਸੀ। 30-35 ਸਵਾਰੀਆਂ ਵਾਲੇ ਹੈਲੀਕਾਪਟਰ ਕੇਦਾਰਨਾਥ ਤੇ ਬਦਰੀਨਾਥ ਜਾ ਰਹੇ ਸਨ।

21 ਤੇ 22 ਜੂਨ ਨੂੰ ਗੋਬਿੰਦ ਘਾਟ ਤੋਂ ਚਮੋਲੀ ਘਾਟ ਤੱਕ ਪਹਾੜੀ ਦੇ ਉਪਰ ਤੋਂ ਲਗਭਗ ਦੋ-ਢਾਈ ਕਿਲੋਮੀਟਰ ਰਸਤਾ ਰੱਸਿਆਂ ਵਾਲਾ ਮਿਲਟਰੀ ਵੱਲੋਂ ਬਣਾਇਆ ਗਿਆ ਸੀ ਜਿਸ ਰਾਹੀਂ ਸਾਰੇ ਜਵਾਨ ਯਾਤਰੂ ਪਨੋਲੀਘਾਟ ਅਤੇ ਪਨੋਲੀ ਘਾਟ ਤੋਂ ਜੋਸ਼ੀਮੱਠ ਤਕ ਮਿਲਟਰੀ ਦੀਆਂ ਗੱਡੀਆਂ ਰਾਹੀਂ ਭੇਜੇ ਜਾ ਰਹੇ ਸਨ। ਪਨੋਲੀ ਘਾਟ ਉਤੇ ਪਹੁੰਚ ਕੇ ਮਿਲਟਰੀ ਦੇ ਅਧਿਕਾਰੀਆਂ ਰਾਹੀਂ ਵਾਇਰਲੈਸ ਸਿਸਟਮ 'ਤੇ ਪਾਰ ਫਸੇ ਗੱਡੀਆਂ ਵਾਲਿਆਂ ਨਾਲ ਸੰਪਰਕ ਕੀਤਾ ਤੇ ਉਨ੍ਹਾਂ ਨੂੰ ਗੱਡੀਆਂ ਛੱਡ ਕੇ ਜੋਸ਼ੀਮੱਠ ਆ ਜਾਣ ਲਈ ਬੇਨਤੀ ਕੀਤੀ ਪਰ ਉਨ੍ਹਾਂ ਵੱਲੋਂ ਗੱਡੀਆਂ ਵਿੱਚੋਂ ਸਮਾਨ ਚੋਰੀ ਹੋਣ ਦੇ ਡਰ ਕਰਕੇ ਵਾਪਸ ਨਾ ਆਉਣ ਲਈ ਕਿਹਾ ਜਾਂਦਾ ਰਿਹਾ ਤੇ ਰਸਤਾ ਖੁੱਲ੍ਹਣ 'ਤੇ ਗੱਡੀਆਂ ਸਮੇਤ ਵਾਪਸ ਆਉਣ ਲਈ ਜਿੱਦ ਕਰਦੇ ਰਹੇ। ਗੋਬਿੰਦ ਘਾਟ ਪਹੁੰਚ ਕੇ ਦੇਖਿਆ ਕਿ ਸਰਾਂ ਵਾਲੀ ਇਮਾਰਤ ਇਕ ਸਾਈਡ ਤੋਂ ਬੈਠ ਗਈ ਤੇ ਤਰੇੜਾਂ ਪੈ ਗਈਆਂ ਹਨ। ਮਿੱਟੀ ਕਮਰਿਆਂ ਵਿਚ ਭਰੀ ਪਈ ਹੈ। ਯਾਤਰੂਆਂ ਦਾ ਸਮਾਨ ਤੇ ਗੁ: ਸਾਹਿਬ ਦਾ ਸਟੋਰ ਸਮਾਨ ਰਾਸ਼ਨ ਆਦਿ ਦੱਬ ਗਿਆ ਕੇ ਖਰਾਬ ਹੋ ਗਿਆ ਹੈ। ਲੋਕ ਮਿੱਟੀ ਹਟਾ ਕੇ ਸਮਾਨ ਕੱਢਣ ਲਈ ਕਾਹਲੇ ਦਿਖਾਈ ਦਿੱਤੇ। ਦੁਕਾਨਦਾਰ ਆਪਣੀਆਂ ਦੁਕਾਨਾਂ ਵਿੱਚੋਂ ਵੜੀ ਮਿੱਟੀ ਪੁੱਟ ਕੇ ਬਾਕੀ ਬਚਿਆ ਸਮਾਨ ਕੱਢ ਕੇ ਸੁਕਾ ਰਹੇ ਸਨ। ਗੋਬਿੰਦਘਾਟ ਗੁ: ਸਾਹਿਬ ਵਿਚ ਪੰਜ-ਛੇ ਫੁੱਟ ਮਿੱਟੀ ਜੰਮ ਚੁੱਕੀ ਸੀ।

ਸ਼੍ਰੋਮਣੀ ਕਮੇਟੀ ਦੀ ਟੀਮ ਵੱਲੋਂ ਲੰਗਰ ਰਸਦ ਆਦਿ ਘਾਟ ਵਿਚ ਰਹਿ ਰਹੇ ਦੁਕਾਨਦਾਰਾਂ ਤੇ ਗੱਡੀਆਂ ਵਾਲਿਆਂ ਲਈ ਮੇਜਰ ਜਨਰਲ ਅਮੀਤ ਸਿੰਘ ਰਾਹੀਂ ਭੇਜੀ ਗਈ। ਮੇਜਰ ਜਨਰਲ ਅਮੀਤ ਸਿੰਘ ਦੇ ਕਹਿਣ ਤੇ ਦੁਬਾਰਾ ਇਨ੍ਹਾਂ ਲੋਕਾਂ ਨਾਲ ਸੰਪਰਕ ਕਰਕੇ ਜੋਸ਼ੀਮੱਠ ਆਉਣ ਲਈ ਕਿਹਾ ਪਰ ਇਨ੍ਹਾਂ ਲੋਕਾਂ ਵੱਲੋਂ ਫਿਰ ਸਾਫ ਇਨਕਾਰ ਕਰ ਦਿੱਤਾ ਗਿਆ। ਇੱਕ ਸੱਜਣ ਨੂੰ ਘਾਟ ਵਿਖੇ ਦੁਕਾਨਦਾਰਾਂ ਤੇ ਗੱਡੀਆਂ ਵਾਲਿਆਂ ਦੀਆਂ ਫੋਟੋ ਖਿੱਚ ਕੇ ਭੇਜਣ ਲਈ ਬੇਨਤੀ ਕੀਤੀ। ਗੱਡੀਆਂ ਤੇ ਦੁਕਾਨਾਂ ਦੇ ਮਾਲਕਾਂ ਨੇ ਪਤਾ ਨਹੀਂ ਕੀ ਸੋਚ ਕੇ ਫੋਟੋਆਂ ਨਾ ਖਿੱਚ ਸਕਣ ਦੀ ਮਜਬੂਰੀ ਦੱਸ ਕੇ ਨਾਂਹ ਕਰ ਦਿੱਤੀ। ਫੋਟੋਆਂ ਖਿੱਚਣ ਦਾ ਸਾਡਾ ਮਕਸਦ ਇਹ ਪਤਾ ਲਗਾਉਣਾ

ਸੀ ਕਿ ਕਿੰਨੇ ਲੋਕ ਉਥੇ ਰਹਿ ਗਏ ਹਨ ਤੇ ਕਿੰਨੀਆਂ ਗੱਡੀਆਂ ਉਥੇ ਖੜ੍ਹੀਆਂ ਹਨ ਅਤੇ ਸਹੀ ਗਿਣਤੀ ਪਤਾ ਲੱਗ ਜਾਂਦੀ ਕਿ ਕਿੰਨੇ ਲੋਕ ਤੇ ਕਿੰਨੀਆਂ ਗੱਡੀਆਂ ਗੋਬਿੰਦਘਾਟ ਵਿਚ ਹਨ। ਜਦ ਸਾਡੀ ਟੀਮ ਅਖੀਰ 'ਤੇ ਕੁਝ ਫਸੇ ਯਾਤਰੂਆਂ ਨੂੰ ਨਾਲ ਲੈ ਕੇ ਵਾਪਸ ਆ ਰਹੀ ਸੀ ਤਾਂ ਨਗਰਾਸੂ ਪਹਾੜੀ ਡਿੱਗਣ ਕਾਰਨ ਰਸਤਾ ਬੰਦ ਹੋ ਗਿਆ। ਅੱਠ ਤੋਂ ਬਾਰਾਂ ਘੰਟੇ ਰਸਤਾ ਖੁੱਲ੍ਹਣ ਨੂੰ ਲੱਗੇ। ਸਾਡੇ ਕੋਲ ਇੱਕ ਪਰਿਵਾਰ ਹਰਸ਼ੇ ਛੀਨਿਆਂ ਦਾ ਸੀ, ਉਨ੍ਹਾਂ ਦੀ ਇਨੋਵਾ ਗੱਡੀ ਰੁੜ੍ਹ ਗਈ ਸੀ। ਗੱਡੀ ਦੀ ਮਾਲਕਣ ਕਾਫ਼ੀ ਬੀਮਾਰ ਹੋ ਚੁੱਕੀ ਸੀ। ਸਾਡੀ ਟੀਮ ਦੇ ਡਾਕਟਰਾਂ ਨੇ ਉਸ ਬੀਬੀ ਨੂੰ ਗੱਡੀ ਵਿਚ ਗੁਲੂਕੋਜ਼ ਲਗਾ ਕੇ ਲੋੜੀਂਦਾ ਇਲਾਜ ਕੀਤਾ। ਪਿੰਡ ਸੇਰੋਂ,ਜ਼ਿਲ੍ਹਾ ਤਰਨਤਾਰਨ ਦੇ ਦੋ ਪਰਿਵਾਰ ਅਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਦੋ ਪਰਿਵਾਰ, ਕੁੱਲ 14 ਮੈਂਬਰਾਂ ਨੂੰ ਵਿਸ਼ੇਸ਼ ਗੱਡੀਆਂ ਰਾਹੀਂ ਘਰੋ-ਘਰੀ ਪਹੁੰਚਾਉਣ ਦੀ ਰਾਹਤ ਦਿੱਤੀ ਗਈ। ਇਸੇ ਤਰ੍ਹਾਂ ਰਾਜਸਥਾਨ ਦੇ ਗੰਗਾਨਗਰ, ਕਰਨਪੁਰ ਤੇ ਰਾਏ ਸਿੰਘ ਨਗਰ, ਹਰਿਆਣਾ ਦੇ ਅੰਬਾਲਾ, ਪੰਜਾਬ ਦੇ ਫਿਰੋਜਪੁਰ, ਮੋਗਾ, ਲੁਧਿਆਣਾ, ਪਟਿਆਲਾ, ਤਰਨਤਾਰਨ, ਅੰਮ੍ਰਿਤਸਰ ਤੇ ਗੁਰਦਾਸਪੁਰ ਆਦਿ ਜ਼ਿਲ੍ਹਿਆਂ ਅਤੇ ਚੰਡੀਗੜ੍ਹ ਦੇ ਕੋਈ 1800 ਤੋਂ ਵੱਧ ਫਸੇ ਲੋਕਾਂ ਨੂੰ ਆਪੋ-ਆਪਣੀ ਮੰਜ਼ਿਲ 'ਤੇ ਪਹੁੰਚਾਇਆ ਗਿਆ। ਇੱਕ ਸੌ ਤੋਂ ਜ਼ਿਆਦਾ ਵਿਅਕਤੀਆਂ ਨੂੰ ਮੱਲ੍ਹਮ ਪੱਟੀ ਤੇ ਲੋੜੀਂਦੀਆਂ ਦਵਾਈਆਂ ਆਦਿ ਦੇ ਕੇ ਸਹਾਇਤਾ ਕੀਤੀ ਗਈ।

ਅਖੀਰ ਮੇਜਰ ਜਨਰਲ ਨੇ ਇਸ ਆਫਤ ਮੌਕੇ ਮਦਦ ਲਈ ਪਹੁੰਚਣ 'ਤੇ ਸ਼੍ਰੋਮਣੀ ਕਮੇਟੀ ਦੀ ਸਰਾਹਨਾ ਕਰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੰਗੀ ਸੰਸਥਾ ਹੈ ਜੋ ਹਰ ਥਾਂ ਮਦਦ ਲਈ ਪਹੁੰਚ ਜਾਂਦੀ ਹੈ। ਉਨ੍ਹਾਂ ਵੱਲੋਂ ਇਹ ਵੀ ਭਰੋਸਾ ਦਿੱਤਾ ਗਿਆ ਗੋਬਿੰਦਘਾਟ ਤੇ ਬੈਠੇ ਦੁਕਾਨਦਾਰਾਂ ਤੇ ਗੱਡੀਆਂ ਵਾਲਿਆਂ ਦਾ ਪੂਰਾ ਧਿਆਨ ਰੱਖਿਆ ਜਾਵੇਗਾ ਪਰ ਉਨ੍ਹਾਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ। ਮਿਲਟਰੀ ਦੇ ਕਿਸੇ ਅਧਿਕਾਰੀ ਨਾਲ ਵੱਧ-ਘੱਟ, ਗਰਮ ਜਾਂ ਮੰਦਾ ਨਹੀਂ ਬੋਲਣਾ ਚਾਹੀਦਾ। 9ਵੀਂ ਬ੍ਰਿਗੇਡ ਦੇ ਕਮਾਂਡਰ ਤੇ ਜਵਾਨਾਂ ਦਾ ਕੰਮ ਸ਼ਲਾਘਾਯੋਗ ਹੈ। ਇਨ੍ਹਾਂ ਦੀ ਹਿੰਮਤ ਨੂੰ ਸੈਲਿਊਟ ਕਰਨਾ ਬਣਦਾ ਹੈ। ਕਿਵੇਂ ਇਨ੍ਹਾਂ ਨੇ ਰੱਸਿਆਂ 'ਤੇ ਖੁਦ ਲੇਟ ਕੇ ਸ਼ਰਧਾਲੂਆਂ ਨੂੰ ਨਦੀ ਪਾਰ ਕਰਵਾਈ ਹੈ।

ਸੰਖੇਪ ਜਾਣਕਾਰੀ ਅਨੁਸਾਰ ਗੁਰਦੁਆਰਾ ਗੋਬਿੰਦਧਾਮ, ਸ੍ਰੀ ਹੇਮਕੁੰਟ ਸਾਹਿਬ ਪਹੁੰਚਣ ਤੋਂ ਪਹਿਲਾਂ ਆਉਂਦਾ ਹੈ। ਇਥੇ ਹੇਮਕੁੰਟ ਟਰੱਸਟ ਦਾ ਪ੍ਰਬੰਧ ਹੈ ਤੇ ਯਾਤਰੂਆਂ ਦੀ ਸੁਖ ਸਹੂਲਤ ਲਈ ਨਿਵਾਸ ਬਣਾਏ ਗਏ ਹਨ। ਇਹ ਸਥਾਨ ਸਮੁੰਦਰੀ ਤੱਟ ਤੋਂ ਦਸ ਹਜ਼ਾਰ ਫੁੱਟ ਦੀ ਉਚਾਈ 'ਤੇ ਹੈ। ਇਥੋਂ ਸ੍ਰੀ ਹੇਮਕੁੰਟ ਸਾਹਿਬ ਸੱਤ ਕਿਲੋਮੀਟਰ ਹੈ। ਇਹ ਚੜ੍ਹਾਈ ਵਾਲਾ ਰਸਤਾ ਯਾਤਰੂ ਵਾਹਿਗੁਰੂ ਦਾ ਨਾਮ ਜੱਪਦੇ, ਜੈਕਾਰੇ ਲਾਉਂਦੇ ਸਫ਼ਰ ਤਹਿ ਕਰ ਲੈਂਦੇ ਹਨ। ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਕੇ ਸੰਗਤਾਂ ਸ਼ਾਂਤ, ਸੁਖਦਾਈ ਮਹਿਸੂਸ ਕਰਦੀਆਂ ਹਨ, ਇਹ ਅੰਮ੍ਰਿਤ ਸਰੋਵਰ ਸਮੁੰਦਰ ਦੀ ਸਤਹ ਤੋਂ 15210 ਫੁੱਟ ਦੀ ਉਚਾਈ 'ਤੇ ਹੈ। ਇਹ ਚਾਰ ਸੌ ਗਜ ਲੰਬਾ ਤੇ ਦੋ ਸੌ ਗਜ ਚੌੜਾ ਹੈ। ਸਪਤ ਸ੍ਰਿੰਗ ਨਾਮੀ ਪਰਬਤਾਂ ਦੀਆਂ ਸੱਤ ਚੋਟੀਆਂ 'ਤੇ ਨਿਸ਼ਾਨ ਸਾਹਿਬ ਝੂਲਦੇ ਹਨ। ਸਰੋਵਰ ਇਕ ਕੰਢੇ ਗੁਰਦੁਆਰਾ ਹੇਮਕੁੰਟ ਸਾਹਿਬ ਦੀ ਸੁੰਦਰ ਇਮਾਰਤ ਸੁਭਾਇਮਾਨ ਹੈ। ਗੁਰਬਾਣੀ ਕੀਰਤਨ ਸ਼ਰਧਾਲੂਆਂ ਨੂੰ ਅਗੰਮੀ ਸ਼ਕਤੀ ਬਖਸ਼ਦਾ ਹੈ। ਇਥੇ ਰਾਤ ਨੂੰ ਰੁਕਣਾ ਕਠਿਨ ਹੈ। ਸੰਗਤਾਂ ਨੂੰ ਵਾਪਸ ਗੋਬਿੰਦਧਾਮ ਜਾਂ ਗੋਬਿੰਦਘਾਟ ਆਉਣਾ ਪੈਂਦਾ ਹੈ।

ਬੇਸ਼ੱਕ ਸ੍ਰੀ ਹੇਮਕੁੰਟ ਸਾਹਿਬ ਨਾਲ ਸਬੰਧਿਤ ਸ਼ਰਧਾਲੂ ਸੰਗਤਾਂ ਨੂੰ ਇਥੇ ਆਈ ਕੁਦਰਤੀ ਆਫਤ ਦੀ ਮਾਰ ਝੱਲਣੀ ਪਈ ਹੈ, ਪਰ ਜੇਕਰ ਸਮੁੱਚੇ ਪ੍ਰਭਾਵਿਤ ਇਲਾਕਿਆਂ ਅਤੇ ਹੋਏ ਮਾਲੀ-ਜਾਨੀ ਨੁਕਸਾਨ ਦੀ ਗੱਲ ਕਰੀਏ ਤਾਂ ਅੰਕੜਿਆਂ ਅਨੁਸਾਰ ਉੱਤਰਾਖੰਡ ਵਿਖੇ ਹੋਈ ਇਸ ਕੁਦਰਤੀ ਤਬਾਹੀ ਨਾਲ 40000 ਵਰਗ ਕਿਲੋਮੀਟਰ ਖੇਤਰ ਦੇ ਪ੍ਰਭਾਵਿਤ ਹੋਣ ਦਾ ਅਨੁਮਾਨ ਹੈ। ਇਸੇ ਤਰ੍ਹਾਂ 4000 ਤੋਂ ਜ਼ਿਆਦਾ ਮੌਤਾਂ ਹੋਈਆਂ ਤੇ 3 ਹਜ਼ਾਰ ਦੇ ਕਰੀਬ ਲੋਕ ਲਾਪਤਾ ਹੋਣ ਦੀਆਂ ਖ਼ਬਰਾਂ ਹਨ। ਜਿਨ੍ਹਾਂ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਉਨ੍ਹਾਂ ਦੀ ਗਿਣਤੀ ਵੀ ਹਜ਼ਾਰਾਂ ਵਿਚ ਹੈ ਅਤੇ ਸੜਕਾਂ, ਪੁੱਲਾਂ ਦਾ ਰੋੜਨਾ ਵੀ ਹਜ਼ਾਰਾਂ ਤੋਂ ਘੱਟ ਨਹੀਂ ਹੈ। ਇਸ ਸਭ ਦੇ ਨਾਲ-ਨਾਲ ਕੁਦਰਤੀ ਖ਼ੂਬਸੂਰਤੀ ਦਾ ਵਿਨਾਸ਼ ਵੀ ਵੱਡੇ ਰੂਪ ਵਿਚ ਹੋਇਆ ਹੈ। ਪ੍ਰਭਾਵਿਤ ਹੋਏ ਇਲਾਕਿਆਂ ਵਿਚ ਕੇਦਾਰਨਾਥ, ਕੇਦਾਰਘਾਟੀ, ਹੇਮਕੁੰਟ ਸਾਹਿਬ, ਪਾਂਡੂ ਕੇਸ਼ਵਰ, ਗੋਬਿੰਦਘਾਟ, ਬਦਰੀਨਾਥ, ਭਟਵਾੜੀ, ਬਰਨੀਗਾਡ, ਘਨਸੋਈ ਆਦਿ ਇਲਾਕੇ ਸ਼ਾਮਲ ਹਨ।

ਨਿਰਸੰਦੇਹ ਹੋਏ ਜਾਨ-ਮਾਲੀ ਨੁਕਸਾਨ ਦੀ ਪੂਰਤੀ ਤਾਂ ਨਹੀਂ ਕੀਤੀ ਜਾ ਸਕਦੀ ਪਰ ਪ੍ਰਭਾਵਿਤ ਲੋਕਾਂ ਦੀ ਮੱਦਦ ਕਰਕੇ ਮਨੁੱਖਤਾ ਦੀ ਭਲਾਈ ਜ਼ਰੂਰ ਕੀਤੀ ਜਾ ਸਕਦੀ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਸੀਮਤ ਸਾਧਨਾਂ ਨਾਲ ਵੱਡੀਆਂ ਰਾਹਤ ਸੇਵਾਵਾਂ ਦੇ ਕੇ ਯਾਦ ਰੱਖਣਯੋਗ ਕਾਰਜ ਕੀਤਾ ਹੈ। ਹਾਲ ਹੀ ਵਿਚ ਚੰਡੀਗੜ੍ਹ ਵਿਖੇ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਨੇ ਫੈਸਲਾ ਲਿਆ ਹੈ ਕਿ ਉੱਤਰਾਖੰਡ ਦੇ ਪ੍ਰਭਾਵਿਤ ਲੋਕਾਂ ਦੀ ਮੱਦਦ ਲਈ ਇੱਕ ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇਗੀ। ਇਸ ਸਬੰਧੀ ਇੱਕ ਸਬ-ਕਮੇਟੀ ਵੀ ਬਣਾਈ ਗਈ ਹੈ, ਜੋ ਪ੍ਰਭਾਵਿਤ ਲੋਕਾਂ ਦੀ ਨਿਸ਼ਾਨਦੇਹੀ ਕਰ ਕੇ ਰਿਪੋਰਟ ਪੇਸ਼ ਕਰੇਗੀ। ਇਨ੍ਹਾਂ ਸਮੁੱਚੇ ਭਲਾਈ ਕਾਰਜਾਂ ਲਈ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਦਮ ਦੀ ਸ਼ਲਾਘਾ ਕਰਨੀ ਬਣਦੀ ਹੈ। ■

# ...ਸ਼੍ਰੋਮਣੀ ਕਮੇਟੀ ਵਲੋਂ ਸ਼੍ਰੀਨਗਰ-ਗੜਵਾਲ ਤੇ ਜੋਸ਼ੀਮਠ ਵਿਖੇ ਲੰਗਰ ...ਤੇ ਡਾਕਟਰੀ ਸੇਵਾ ਲਗਾਤਾਰ ਜਾਰੀ : ਜਥੇ. ਅਵਤਾਰ ਸਿੰਘ

* ਸ਼ਰਧਾਲੂਆਂ ਦੀ ਤੰਦਰੁਸਤੀ ਤੇ ਚੜ੍ਹਦੀ ਕਲਾ ਲਈ ਗੁਰਦੁਆਰਾ ਸ੍ਰੀ ਝੰਡਾ-ਬੁੰਗਾ ਵਿਖੇ ਅਖੰਡ ਪਾਠ ਸਾਹਿਬ ਆਰੰਭ * ਬੱਸ ਅੱਡਾ ਸੈਕਟਰ-43 ਚੰਡੀਗੜ੍ਹ ਵਿਖੇ ...

ਅੰਮ੍ਰਿਤਸਰ, 22 ਜੂਨ ...

# ਉੱਤਰਾਖੰਡ 'ਚ ਫਸੇ ਲੋਕਾਂ ਲਈ ਸ਼੍ਰੋਮਣੀ ਕਮੇਟੀ ਵੱਲੋਂ ਹੈਲੀਕਾਪਟਰ ਕਿਰਾਏ 'ਤੇ ਲੈਣ ਦੇ ਯਤਨ

# ਸ਼੍ਰੋਮਣੀ ਕਮੇਟੀ ਉੱਤਰਾਖੰਡ ਦੇ ਹੜ੍ਹ ਪੀੜਤਾਂ ਲਈ 1 ਕਰੋੜ ਰੁਪਏ ਰਾਖਵੇਂ ਰੱਖੇਗੀ : ਜਥੇ. ਅਵਤਾਰ ਸਿੰਘ

... ਆਉਂਦੀ ਮੁਸ਼ਕਲ ਦਾ ਸਥਾਈ ਹੱਲ ਲੱਭਣ ਲਈ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ। ਸੁਨਾਮੀ ਆਵੇ ਜਾਂ ... ਨੇ ਪੂਰੀ ਤਨਦੇਹੀ ਤੇ ਆਪਣੇ ਧਰਮ-ਕਰਮ ਅਨੁਸਾਰ ਲੋਕ ਸੇਵਾ ਕੀਤੀ ਹੈ। ਇਨ੍ਹਾਂ ਵਿਚਾਰਾਂ ਦਾ ...

... ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਉੱਤਰਾਖੰਡ ਵਿਖੇ ਸ਼ਰਧਾਲੂਆਂ ਤੇ ਸਥਾਨਕ ਲੋਕਾਂ ਦੀ ਸੇਵਾ ਵਾਸਤੇ ਗਏ ... ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਜਗਜੀਤ ਸਿੰਘ ਮੀਤ ਸਕੱਤਰ ਉੱਥੇ ਦੇ ਹਾਲਾਤ ਬਾਰੇ ਪਲ-ਪਲ ਦੀ ...



ਸ਼ਰਧਾਲੂਆਂ ਲਈ ਲੰਗਰ ਸ਼ੁਰੂ ਕਰਵਾਉਂਦੇ ਜਥੇ. ਅਵਤਾਰ ਸਿੰਘ ਤੇ ਹੋਰ।

# आपदा राहत में एसजीपीसी कर्मी देंगे अपना एक दिन का वेतन

# ਉੱਤਰਾਖੰਡ ਵਿਚ ਬਾਰਿਸ਼ ਦੇ ਨਾਲ ਭੂਚਾਲ

# ਸ਼੍ਰੋਮਣੀ ਕਮੇਟੀ ਨੇ ਸਰਬੱਤ ਦੇ ਭਲੇ ਤੇ ਵਿਛੜੀਆਂ ਰੂਹਾਂ ਦੀ ਸ਼ਾਂਤੀ ਲਈ ਅਖੰਡ ਪਾਠ ਦੇ ਭੋਗ ਪਾਏ

... ਘਰ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 'ਤੇ ਗਏ ਸ਼ਰਧਾਲੂ ਤੇ ... ਸਲਾਮਤ ਘਰ ਪਰ... ਅੰਬ ਸਾਹਿਬ ਮੋਹਾ... ਸਾਹਿਬ ਪੰਚਕੂਲਾ ...

# ਸ਼੍ਰੋਮਣੀ ਕਮੇਟੀ ਵੱਲੋਂ ਉੱਤਰਾਖੰਡ ਦੇ ਹੜ੍ਹ ਪੀੜਤਾਂ ਦੀ ਮਦਦ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ- ਜਥੇ:ਅਵਤਾਰ ਸਿੰਘ

... ਦੀ ਤੰਦਰੁਸਤੀ ਤੇ ਚੜ੍ਹਦੀ ਕਲਾ ਲਈ ਸ਼੍ਰੋਮਣੀ ਗੁਰਦੁਆਰਾ ...

# ਸ਼ਰਧਾਲੂਆਂ ਦੀ ਤੰਦਰੁਸਤੀ, ਚੜ੍ਹਦੀਕਲਾ ਲਈ ਸ੍ਰੀ ਅਖੰਡ ਪਾਠ ਸਾਹਿਬ ਅ...

ਅੰਮ੍ਰਿਤਸਰ, (ਮੇਤਾ ਸਿੰਘ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਹੋਏ ਆਦੇਸ਼ ਅਨੁਸਾਰ ਉੱਤਰਾਖੰਡ ਸੂਬੇ 'ਚ ਲਗਾਤਾਰ ਬਾਰਸ਼ ਪੈਣ ਕਰਕੇ ਆਏ ਹੜ੍ਹ 'ਚ ਸ੍ਰੀ ਹੇਮਕੁੰਟ ਸਾਹਿਬ ਤੇ ਹੋਰ ਅਸਥਾਨਾਂ ਦੇ ... ਹਜ਼ਾਰਾਂ ਸ਼ਰਧਾਲੂ 'ਚੋਂ ਕੁਝ ... ਸਮੇਤ, ਜ਼ਖ਼ਮੀ ਅਤੇ ... ਤੰਦਰੁਸਤੀ ਤੇ ਚੜ੍ਹਦੀਕਲਾ ... ਪ੍ਰਬੰਧਕ ਕਮੇਟੀ ਵੱਲੋਂ ਸੱਚ... ਸਮੂਹ 'ਚ ਗੁਰਦੁਆਰਾ ਝੰਡਾ-ਬੁੰਗਾ ਵਿਖੇ ਸ੍ਰੀ ...

ਸ਼੍ਰੋਮਣੀ ਕਮੇਟੀ ਦੀ ਰਾਹਤ ਟੀਮ ... ਗੁਰਦੁਆਰਾ ... ਗੋਬਿੰਦਘਾਟ ...



# ਮੀਂਹ ਨੇ ਪਾਇਆ ਰਾਹਤ ਕੰਮਾਂ 'ਚ ਵਿਘਨ

• ਬਦਰੀਨਾਥ ਵਿੱਚ ਅਜੇ ਵੀ 2500 ਲੋਕ ਮੌਜੂਦ • ਤਿੰਨ ਹਜ਼ਾਰ ਲੋਕਾਂ ਦਾ ਥਹੁ-ਪਤਾ ਨਹੀਂ



# ਹੜ੍ਹ-ਪੀੜ੍ਹਤਾਂ ਦੀ ਸਹਾਇਤਾ ... ਸ਼੍ਰੋਮਣੀ ਕਮੇਟੀ

## ਜਾਤ-ਪਾਤ ਤੋਂ ਉੱਪਰ ਉੱਠ ਕੇ ਸਰਬਤ ਦਾ ਭਲਾ ਕਰਨ ਦਾ ਸੱਦਾ

... ਸਥਿਤ ਗੁਰਦੁਆਰਾ ਹੇਮਕੁੰਟ ਸਾਹਿਬ ਤੇ ਅਸਥਾਨਾਂ ... ਦੀਆਂ ਵੱਖ-ਵੱਖ ਟੀਮਾਂ ਕੰਮ ਕਰ ਰਹੀਆਂ ਹਨ।

# SGPC writes to PM, Uttarakhand CM to increase pace of rescue efforts

## ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਲੰਗਰ ਤੇ ਬਚਾਅ ਕਾਰਜ ਜ਼ੋਰਾਂ 'ਤੇ

ਕੇਂਦਰ ਸਰਕਾਰ ਸਰਕਾਰ ਯਤਨ ਤੇਜ਼ ਕਰੇ-ਜਥੇ: ਅਵਤਾਰ ਸਿੰਘ

## राहत कार्य में जुटी एसजीपीसी



## ਸ਼੍ਰੋਮਣੀ ਕਮੇਟੀ ਉਤਰਾਖੰਡ ਪੀੜਤਾਂ ਨੂੰ ਦੇਵੇਗੀ ਇਕ ਕਰੋੜ ਦੀ ਸਹਾਇਤਾ

## 500 ਸ਼ਰਧਾਲੂ ਰਿਸ਼ੀਕੇਸ਼ ਤੋਂ ਪੰਜਾਬ ਰਵਾਨਾ

## बिना भेदभाव बाढ़ प्रभावितों की सेवा की जाए

## एसजीपीसी ने भेजी दो दर्जन मिनी बस-एंबुलेंस

## ਹੜ੍ਹ ਪੀੜਤਾਂ ਦੀ ਮਦਦ 'ਚ ਕੋਈ ਕਸਰ ਨਹੀਂ ਛੱਡਾਂਗੇ : ਮੱਕੜ

## ਹੇਮਕੁੰਟ ਸਾਹਿਬ ਦੀ ਯਾਤਰਾ ਗਏ ਸ਼ਰਧਾਲੂਆਂ ਦੇ ਸੁਰੱਖਿਅਤ ਘਰਾਂ ਨੂੰ ਪਰਤਣ 'ਤੇ ਜਥੇ: ਅਵਤਾਰ ਸਿੰਘ ਵੱਲੋਂ ਅਕਾਲ-ਪੁਰਖ ਦਾ ਸ਼ੁਕਰਾਨਾ

government has deployed ... the media in Amritsar on Thursday. ... of 10 doctors along with ... ambulance has also reached ... and they have made their base at panchayat house

## ਸ਼੍ਰੋਮਣੀ ਕਮੇਟੀ ਉੱਤਰਾਖੰਡ ਦੇ ਹੜ੍ਹ-ਪੀੜ੍ਹਤਾਂ ਲਈ 1 ਕਰੋੜ ਰਾਖਵਾਂ ਰੱਖੇਗੀ-ਜਥੇ: ਅਵਤਾਰ ਸਿੰਘ

## ਸ਼੍ਰੋਮਣੀ ਕਮੇਟੀ ਵੱਲੋਂ ਹੋਰ ਬੱਸਾਂ ਰਿਸ਼ੀਕੇਸ਼ ਨੂੰ ਕੀਤੀਆਂ ਰਵਾਨਾ

ਸ਼ਰਧਾਲੂਆਂ ਨੂੰ ਘਰੋ-ਘਰੀ ਪਹੁੰਚਾਉਣ 'ਚ ਸ਼੍ਰੋਮਣੀ ਕਮੇਟੀ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ : ਜੱਥੇ: ਅਵਤਾਰ ਸਿੰਘ

## ਸ਼੍ਰੋਮਣੀ ਕਮੇਟੀ ਦੀ ਰਾਹਤ ਟੀਮ ਗੁਰਦੁਆਰਾ ਗੋਬਿੰਦਘਾਟ ਪਹੁੰਚੀ

## ਪ੍ਰਭਾਵਿਤਾਂ ਨੂੰ ਉਤਰਾਖੰਡ ਸਰਕਾਰ ਛੇਤੀ ਮੁਆਵਜਾ ਦੇਵੇ-ਜਥੇ: ਅਵਤਾਰ ਸਿੰਘ

## ਪੀੜ੍ਹਤ ਲੋਕਾਂ ਨੂੰ ਸਰਕਾਰ ਮੁਆਵਜ਼ਾ ਦੇਵੇ : ਮੱਕੜ

## ਸ਼੍ਰੋਮਣੀ ਕਮੇਟੀ ਦੀ ਮੈਡੀਕਲ ਟੀਮ ਵੱਲੋਂ ਗੜ੍ਹਵਾਲ 'ਚ ਇਲਾਜ ਸ਼ੁਰੂ

## ਹੇਮਕੁੰਟ ਸਾਹਿਬ ਯਾਤਰਾ : ਚੰਡੀਗੜ੍ਹ ਕੈਂਪ 'ਚ 3600 ਯਾਤਰੀ ਮੁੜੇ









PTC













Z1470





ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਜਨਾਬ ਉਮਰ ਅਬਦੁੱਲਾ ਨੂੰ ਹੜ੍ਹ ਪੀੜਤ ਸਿੱਖਾਂ ਦੇ ਮੁੜ ਵਸੇਬੇ ਅਤੇ ਮਦਦ ਲਈ ਮੰਗ-ਪੱਤਰ ਦਿੰਦੇ ਹੋਏ।



ਹੜ੍ਹ ਪੀੜਤ ਸਿੱਖਾਂ ਦੀ ਮਦਦ ਲਈ ਮੰਗ-ਪੱਤਰ ਦੇਣ ਸਮੇਂ ਜੰਮੂ-ਕਸ਼ਮੀਰ ਦੇ ਗਵਰਨਰ ਨਰਿੰਦਰ ਨਾਥ ਵੋਹਰਾ ਨਾਲ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁ: ਪ੍ਰ: ਕਮੇਟੀ। ਉਨ੍ਹਾਂ ਨਾਲ ਸਕੱਤਰ ਸ. ਰੂਪ ਸਿੰਘ ਤੇ ਸ. ਸਤਬੀਰ ਸਿੰਘ ਅਤੇ ਐਡੀ. ਸਕੱਤਰ ਸ. ਦਿਲਜੀਤ ਸਿੰਘ 'ਬੇਦੀ'।



ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁ: ਪ੍ਰ: ਕਮੇਟੀ ਦਾ ਧੰਨਵਾਦ ਕਰਦਿਆਂ ਸ. ਦਿਲਜੀਤ ਸਿੰਘ 'ਬੇਦੀ' ਐਡੀ. ਸਕੱਤਰ ਨੂੰ ਪ੍ਰਸੰਸਾ-ਪੱਤਰ ਦਿੰਦੇ ਹੋਏ ਮੁਸਲਿਮ ਕਸ਼ਮੀਰੀ ਆਗੂ ਮੀਰਵਾਈਜ ਡਾ. ਉਮਰ ਫਾਰੂਕ।



ਸ਼੍ਰੋਮਣੀ ਕਮੇਟੀ ਦੀ ਸਰਵੇਖਣ ਟੀਮ ਸ. ਕਰਨੈਲ ਸਿੰਘ ਪੰਜੋਲੀ ਤੇ ਸ. ਨਿਰਮੈਲ ਸਿੰਘ ਜੌਲਾ ਅੰਤ੍ਰਿੰਗ ਮੈਂਬਰ, ਸ. ਅਵਤਾਰ ਸਿੰਘ ਸਕੱਤਰ, ਸ. ਦਿਲਜੀਤ ਸਿੰਘ 'ਬੇਦੀ' ਐਡੀ. ਸਕੱਤਰ, ਐਡਵੋਕੇਟ ਬੇਗਮ ਸਮੀਮ ਫਿਰਦੋਸ ਐਮ.ਐਲ.ਏ. ਨਾਲ ਮੁਲਾਕਾਤ ਦੌਰਾਨ।

# ਭਾਈ ਗੁਰਦਾਸ ਹਾਲ ਤੋਂ
# ਸ੍ਰੀਨਗਰ ਵਿਖੇ ਰਾਹਤ ਕੈਂਪ ਲਈ ਸਮੱਗਰੀ ਰਵਾਨਾ

**9 ਸਤੰਬਰ 2014 ਤੋਂ 15 ਦਸੰਬਰ 2014**

